# ਆਪਣੇ ਹੱਕਾਂ ਨੂੰ ਜਾਣੋ ਇਮੀਗ੍ਰੇਸ਼ਨ: ਜੇ ਆਇਸ ਤੁਹਾਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ

THE SIKHCOALITION

ਫ਼ਰਵਰੀ *2025* ਵਿੱਚ ਸੋਧਿਆ ਗਿਆ

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਖਾਸ ਅਤੇ ਤੁਰੰਤ ਕਾਨੂੰਨੀ ਮਦਦ ਦੀ ਲੋੜ ਹੈ, ਤਾਂ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ।

ਸਿੱਖ ਕੋਲਿਸ਼ਨ ਵੱਲੋਂ ਇਮੀਗ੍ਰੇਸ਼ਨ ਹੱਕਾਂ ਬਾਰੇ ਜਾਣਕਾਰੀ ਲਈ ਕਿਊਆਰ ਕੋਡ ਸਕੈਨ ਕਰੋ।

## ਜਦੋਂ ਆਇਸ ਦੁਆਰਾ ਗ੍ਰਿਫ਼ਤਾਰ ਕੀਤਾ ਜਾਂਦਾ ਹੈ

- ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਨੂੰ ਹਿਰਾਸਤੀ ਕੇਂਦਰ (ਡਿਟੈਂਸ਼ਨ ਸੈਂਟਰ) ਵਿੱਚ ਭੇਜਣ ਤੋਂ ਪਹਿਲਾਂ ਲੋੜੀਂਦੀ ਕਾਰਵਾਈ ਲਈ ਸਥਾਨਕ ਆਇਸ ਫ਼ੀਲਡ ਦਫ਼ਤਰ ਲੈ ਜਾਇਆ ਜਾਂਦਾ ਹੈ।
- ਤੁਸੀਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਭਾਲ ਇਸ ਵੈੱਬਸਾਈਟ locator.ice.gov ਰਾਹੀਂ ਕਰ ਸਕਦੇ ਹੋ।

## ਜੇ ਤੁਹਾਡੇ ਕੋਲ ਕਾਨੂੰਨੀ ਤੌਰ 'ਤੇ ਪੱਕੇ ਕਾਗਜ਼ ਹਨ

- ਜੇ ਤੁਸੀਂ **ਅਮਰੀਕੀ ਨਾਗਰਿਕ** ਹੋ ਤਾਂ ਆਇਸ ਦੇ ਅਫ਼ਸਰ ਨੂੰ ਦੱਸੋ ਕਿ ਤੁਸੀਂ ਨਾਗਰਿਕ (ਸਿਟੀਜਨ) ਹੋ। ਜੇ ਤੁਹਾਡੀ ਉਮਰ 18 ਸਾਲ ਤੋਂ ਉੱਪਰ ਹੈ ਤਾਂ ਆਇਸ ਤੁਹਾਡੇ ਤੋਂ ਪਛਾਣ-ਪੱਤਰ (ਆਈਡੀ ਕਾਰਡ) ਮੰਗ ਸਕਦੀ ਹੈ। ਤੁਸੀਂ ਆਪਣਾ ਡਰਾਇਵਿੰਗ ਲਾਇਸੰਸ, ਸਰਕਾਰੀ ਪਛਾਣ-ਪੱਤਰ ਜਾਂ ਆਪਣੇ ਪਾਸਟਪੋਰਟ ਦੇ ਪੰਨੇ ਦੀ ਕਾਪੀ ਦਿਖਾ ਸਕਦੇ ਹੋ।
- ਜੇ ਤੁਹਾਡੇ ਕੋਲ **ਗ੍ਰੀਨ ਕਾਰਡ** ਹੈ ਤਾਂ ਤੁਹਾਨੂੰ ਹਮੇਸ਼ਾ ਆਪਣੇ ਨਾਲ ਗ੍ਰੀਨ ਕਾਰਡ ਦੀ ਕਾਪੀ ਰੱਖਣੀ ਚਾਹੀਦੀ ਹੈ।
    - ਆਇਸ ਨੂੰ ਦੱਸੋ ਕਿ ਤੁਹਾਡੇ ਕੋਲ ਤੁਹਾਡਾ ਗ੍ਰੀਨ ਕਾਰਡ ਹੈ। ਜੇ ਆਇਸ ਤੁਹਾਡੇ ਤੋਂ ਤੁਹਾਡੇ ਸਟੇਟਸ ਦਾ ਸਬੂਤ ਮੰਗੇ ਤਾਂ ਤੁਹਾਨੂੰ ਆਇਸ ਨੂੰ ਗ੍ਰੀਨ ਕਾਰਡ ਦਿਖਾਉਣਾ ਚਾਹੀਦਾ ਹੈ।
    - ਜੇ ਤੁਹਾਡੇ ਗ੍ਰੀਨ ਕਾਰਡ ਦੀ ਮਿਆਦ (ਤਰੀਕ) ਖ਼ਤਮ ਹੋ ਚੁੱਕੀ ਹੈ ਤਾਂ ਤੁਹਾਨੂੰ ਇਸ ਨੂੰ ਰੀਨਿਊ ਕਰਵਾਉਣਾ ਚਾਹੀਦਾ ਹੈ, ਬਾਵਜੂਦ ਇਸ ਅਰਸੇ ਦੌਰਾਨ ਤੁਹਾਡੇ ਕੋਲ ਗ੍ਰੀਨ ਕਾਰਡ ਹੋਲਡਰ ਵੱਜੋਂ ਕਾਨੂੰਨੀ ਸਟੇਟਸ ਹੈ।
- ਜੇ ਤੁਹਾਡੇ ਕੋਲ ਅਮਰੀਕਾ ਦਾ **ਤਾਜ਼ਾ ਅਤੇ ਕਾਨੂੰਨੀ ਵੀਜ਼ਾ** ਹੈ ਤਾਂ ਤੁਹਾਨੂੰ ਆਇਸ ਨੂੰ ਆਪਣਾ ਇਮੀਗ੍ਰੇਸ਼ਨ ਸਟੇਟਸ ਦੱਸਣਾ ਚਾਹੀਦਾ ਹੈ। ਜੇ ਆਇਸ ਪੁੱਛੇ ਤਾਂ ਤੁਸੀਂ ਆਪਣੇ ਫ਼ੋਨ ਅੰਦਰ ਫੋਟੋ ਜਾਂ ਪਰਸ ਵਿੱਚ ਮੌਜੂਦ ਆਪਣੇ ਵੀਜ਼ਾ ਦੀ ਕਾਪੀ ਦਿਖਾ ਸਕਦੇ ਹੋ।
- ਜੇ ਤੁਹਾਨੂੰ **ਪਨਾਹ (ਅਸਲਾਇਲਮ)** ਮਿਲ ਚੁੱਕੀ ਹੈ ਤਾਂ ਤੁਹਾਡੇ ਕੋਲ ਆਈ-589 ਵਾਲਾ ਮੰਜ਼ੂਰੀ ਨੋਟਿਸ (ਅਪਰੂਵਲ ਨੋਟਿਸ) ਜਾਂ ਇਮੀਗ੍ਰੇਸ਼ਨ ਜੱਜ ਦਾ ਪਨਾਹ (ਅਸਾਇਲਮ) ਦੇਣ ਵਾਲਾ ਹੁਕਮ (ਆਡਰ) ਹੋਣਾ ਚਾਹੀਦਾ ਹੈ। ਜੇ ਆਇਸ ਅਫ਼ਸਰ ਤੁਹਾਡੇ ਸਟੇਟਸ ਦਾ ਸਬੂਤ ਮੰਗੇ ਤਾਂ ਤੁਹਾਨੂੰ ਆਇਸ ਅਫ਼ਸਰ ਨੂੰ ਪਨਾਹ (ਅਸਾਈਲਮ) ਦੀ ਮੰਜ਼ੂਰੀ ਦੀ ਕਾਪੀ ਦਿਖਾਉਣੀ ਚਾਹੀਦੀ ਹੈ।
- ਜੇ ਤੁਹਾਡੇ ਕੋਲ ਉੱਪਰ ਦੱਸਿਆ ਕੋਈ ਵੀ ਦਸਤਾਵੇਜ਼ ਨਹੀਂ ਹੈ ਤਾਂ ਤੁਹਾਡੀਆਂ ਉਂਗਲਾਂ ਦੇ ਨਿਸ਼ਾਨ (ਫਿੰਗਰ-ਪ੍ਰਿੰਟ) ਲਏ ਜਾ ਸਕਦੇ ਹਨ।
- ਇਕ ਵਾਰ ਪਛਾਣ ਹੋ ਜਾਵੇ ਕਿ ਤੁਹਾਡਾ ਪੱਕਾ ਕਾਨੂੰਨੀ ਸਟੇਟਸ ਹੈ ਤਾਂ ਤੁਹਾਨੂੰ ਛੱਡ ਦਿੱਤਾ ਜਾਵੇਗਾ।
- ਜੇ ਤੁਹਾਡੇ ਕੋਲ ਪੱਕਾ ਕਾਨੂੰਨੀ ਸਟੇਟਸ ਹੋਵੇ, ਫੇਰ ਵੀ ਤੁਹਾਨੂੰ ਆਪਣਾ ਵਕੀਲ ਕਰਨ ਦਾ ਹੱਕ ਹੈ- ਪਰ ਸਰਕਾਰ ਤੁਹਾਨੂੰ ਵਕੀਲ ਨਹੀਂ ਕਰ ਕੇ ਦੇਵੇਗੀ।

## ਜੇ ਤੁਹਾਡੇ ਕੋਲ ਪੱਕਾ ਕਾਨੂੰਨੀ ਸਟੇਟਸ ਨਹੀਂ ਹੈ

- ਆਪਣੇ ਹੱਕ ਯਾਦ ਰੱਖੋ: ਤੁਹਾਡੇ ਕੋਲ ਚੁੱਪ ਰਹਿਣ ਦਾ ਹੱਕ, ਆਪਣਾ ਵਕੀਲ ਕਰਨ, ਅਤੇ ਕਿਸੇ ਨੂੰ ਫ਼ੋਨ ਕਰਨ ਦਾ ਹੱਕ ਹੈ।
- ਤੁਹਾਡੀ ਪਛਾਣ, ਜਨਮ-ਤਰੀਕ ਜਾਂ ਜਨਮ-ਸਥਾਨ ਬਾਰੇ ਆਇਸ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਦੇ ਜੁਆਬ ਨਾ ਦਿਉ।
- ਆਪਣੇ ਇਮੀਗ੍ਰੇਸ਼ਨ ਦੇ ਸਟੇਟਸ ਬਾਰੇ ਕੁਝ ਵੀ ਨਾ ਬੋਲੋ ਅਤੇ ਆਪਣੇ ਵਕੀਲ ਦੀ ਹਾਜ਼ਰੀ ਤੋਂ ਬਿਨਾਂ ਕਿਸੇ ਵੀ ਦਸਤਾਵੇਜ਼ 'ਤੇ ਦਸਤਖ਼ਤ ਨਾ ਕਰੋ।
- ਜੇ ਤੁਹਾਨੂੰ ਆਪਣੇ ਜਨਮ ਵਾਲੇ ਮੁਲਕ ਜਾਣ ਤੋਂ ਡਰ ਲੱਗਦਾ ਹੈ ਤਾਂ ਆਇਸ ਨੂੰ ਬੋਲ ਕੇ ਉਸੇ ਵੇਲੇ ਇਸ ਬਾਰੇ ਜਾਣਕਾਰੀ ਜ਼ਰੂਰ ਦੇ ਦਿਉ।

## ਜੇ ਤੁਹਾਨੂੰ ਮਦਦ ਦੀ ਲੋੜ ਹੈ

- ਸਿੱਖ ਕੋਲੀਸ਼ਨ ਪੰਜਾਬੀ ਬੋਲਣ ਵਾਲੇ ਇਮੀਗ੍ਰੇਸ਼ਨ ਵਕੀਲਾਂ ਦੀ ਸੂਚੀ ਤਿਆਰ ਕਰਨ ਵਿੱਚ ਜੁਟੀ ਹੋਈ ਹੈ। ਜੇ ਤੁਹਾਨੂੰ ਵਕੀਲ ਦੀ ਲੋੜ ਹੈ ਤਾਂ ਸਾਨੂੰ ਈ-ਮੇਲ ਕਰੋ immigration@sikhcoalition.org

- ਇਮੀਗ੍ਰੇਸ਼ਨ ਵਕੀਲ ਲੱਭਣ ਵਿੱਚ ਮਦਦ ਕਰਨ ਲਈ ਕੁਝ ਹੋਰ ਸੰਸਥਾਵਾਂ ਅਤੇ ਵਸੀਲਿਆਂ ਬਾਰੇ ਚੋਣਵੀਂ ਜਾਣਕਾਰੀ ਅੱਗੇ ਦਿੱਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਰੋਤ ਮੌਜੂਦ ਹਨ:
  - ਡਿਪਾਰਟਮੈਂਟ ਆਫ਼ ਜਸਟਿਸ, ਇਮੀਗ੍ਰੇਸ਼ਨ ਸਮੀਖਿਆ ਦਾ ਐਗਜ਼ਿਕਿਉਟਿਵ ਦਫ਼ਤਰ: https://www.justice.gov/eoir/list-pro-bono-legal-service-providers
  - ਇਮੀਗ੍ਰੇਸ਼ਨ ਡੀਫੈਂਸ ਪ੍ਰੋਜੈਕਟ: https://www.immigrantdefenseproject.org/
  - ਇਮੀਗ੍ਰੇਸ਼ਨ ਲਾਅ ਹੈਲਪ ਡੌਟ ਔਰਗ: https://www.immigrationlawhelp.org/
  - ਨੈਸ਼ਨਲ ਇਮੀਗ੍ਰਾਂਟ ਜਸਟਿਸ ਸੈਂਟਰ: http://www.immigrantjustice.org/
  - ਅਮਰੀਕਨ ਇਮੀਗ੍ਰੇਸ਼ਨ ਲਾਇਅਰਜ਼ ਐਸੋਸੀਏਸ਼ਨ: https://www.aila.org/
  - ਨੈਸ਼ਨਲ ਲੌਇਅਰਜ਼ ਗਿਲਡ: https://www.nlg.org/
  - ਨੈਸ਼ਨਲ ਇਮੀਗ੍ਰੇਸ਼ਨ ਪ੍ਰੋਜੈਕਟ: https://nipnlg.org/
  - ਨੈਸ਼ਨਲ ਇਮੀਗ੍ਰੇਸ਼ਨ ਐਡਵੋਕੇਟਸ ਡਾਇਰੈਕਟਰੀ: https://www.immigrationadvocates.org/legaldirectory/